# ਸਵੱਛ ਪਰਿਆਵਰਨ

## ਵਪਾਰਕ ਰਹਿੰਦ ਖੂੰਦ ਦੇ ਨਿਕਾਸ ਬਾਰੇ ਤੱਥ

# ਉਹ ਸਭ ਗਲਾਂ ਜੋ ਤੁਹਾਨੂੰ ਪਰਦੂਸ਼ਣ ਅਤੇ ਕਮਰਸ਼ਿਅਲ ਰਸੋਈਆਂ ਦੇ ਕੂੜੇ ਕਚਰੇ ਨਾਲ ਰੁਕਾਵਟਾਂ ਪੈਦਾ ਹੋਣ ਨੂੰ ਰੋਕਣ ਦੇ ਸੰਬੰਧ ਵਿੱਚ ਪਤਾ ਹੋਣੀਆਂ ਚਾਹੀਦੀਆਂ ਹਨ

## ਤੁਹਾਡੀਆਂ ਨਾਲੀਆਂ ਥਾਣੀ ਕੀ ਵਹਿ ਰਿਹਾ ਹੈ ?

ਕਮਰਸ਼ਿਅਲ ਰਸੋਈਆਂ ਦੀਆਂ ਨਾਲੀਆਂ ਵਿੱਚ ਤੇਲ, ਚਿਕਨਾਈ ਅਤੇ ਖਾਣ ਦੀਆਂ ਚੀਜ਼ਾਂ ਨਾਲ ਸੌਖਿਆਂ ਹੀ ਰੁਕਾਵਟ ਪੈਦਾ ਹੋ ਜਾਂਦੀ ਹੈ। ਇਸ ਨਾਲ ਰਸੋਈ ਅਤੇ ਹੋਰ ਥਾਵਾਂ ਵਿੱਚ ਗੰਦਾ ਪਾਣੀ ਭਰ ਸਕਦਾ ਹੈ, ਜੋ ਆਪਣੇ ਆਪ ਬਾਹਰ ਨਹੀਂ ਨਿਕਲ ਸਕਦਾ। ਰੁਕਾਵਟ ਨੂੰ ਸਾਫ਼ ਕਰਨ ਅਤੇ ਰੁਕਾਵਟ ਨਾਲ ਹੋਏ ਨੁਕਸਾਨ ਕਾਰਨ ਬਹੁਤ ਖ਼ਰਚ ਹੁੰਦਾ ਹੈ – ਇਸਲਈ ਚੰਗਾ ਤਾਂ ਇਹ ਹੈ ਕਿ ਪਹਿਲਾਂ ਹੀ ਰੁਕਾਵਟ ਪੈਣ ਦੇ ਜੋਖਮ ਨੂੰ ਘਟਾਇਆ ਜਾਵੇ।

## ਇਹ ਸਮੱਸਿਆ ਕਿਵੇਂ ਪੈਦਾ ਹੁੰਦੀ ਹੈ ?

ਪੈਨ ਅਤੇ ਪਲੇਟਾਂ ਧੋਣ 'ਤੇ ਉਨ੍ਹਾਂ ਤੋਂ ਉਤਰਣ ਵਾਲੀ ਚਿਕਨਾਈ ਹੌਲ ਹੌਲੀ ਨਾਲੀ ਵਿੱਚ ਇਕੱਠੀ ਹੁੰਦੀ ਰਹਿੰਦੀ ਹੈ, ਅਤੇ ਅਖ਼ੀਰ ਨਾਲੀ ਪੂਰੀ ਤਰ੍ਹਾਂ ਬੰਦ ਹੋ ਸਕਦੀ ਹੈ। ਤੇਲ ਨਾਲ ਵੀ ਰੁਕਾਵਟ ਪੈਦਾ ਹੁੰਦੀ ਹੈ, ਕਿਉਂਕਿ ਇਹ ਨਾਲੀ ਵਿੱਚ ਜੰਮ ਜਾਂਦਾ ਹੈ। ਸਿੰਕ ਥਾਣੀਂ ਰੁੜ੍ਹਕੇ ਜਾਂਦੀਆਂ ਖਾਣ ਦੀਆਂ ਚੀਜ਼ਾਂ ਦੀ ਰਹਿੰਦ ਖੂੰਦ ਨਾਲ ਸਮੱਸਿਆ ਹੋਰ ਵੀ ਵਧ ਜਾਂਦੀ ਹੈ।

## ਕੌਣ ਜ਼ਿੰਮੇਵਾਰ ਹੈ ?
## ਤੁਸੀਂ ਹੋ !

ਜੇ ਨਾਲੀ ਕਿਸੇ ਪ੍ਰਾਈਵੇਟ ਮਕਾਨ ਵਿੱਚ ਜਾਂ ਕਾਰੋਬਾਰੀ ਸਥਾਨ 'ਤੇ ਹੈ, ਤਾਂ ਇਸ ਨੂੰ ਸਾਫ਼ ਕਰਾਉਣ ਦਾ ਖ਼ਰਚਾ ਮਾਲਕਾਂ ਜਾਂ ਵਸਨੀਕਾਂ ਨੂੰ ਭਰਨਾ ਪੈਂਦਾ ਹੈ। ਜੇ ਰੁਕਾਵਟ ਕਿਸੇ ਪਬਲਿਕ ਸਿਯੂਰ ਵਿੱਚ ਹੈ, ਤਾਂ ਇਹ ਸਕਾਟਿਸ਼ ਵਾਟਰ ਵਲੋਂ ਸਾਫ਼ ਕੀਤਾ ਜਾਵੇਗਾ।

ਸਿਯੂਰ 'ਚੋਂ ਰੁਕਾਵਟ ਦੂਰ ਕਰਨ 'ਤੇ ਬਹੁਤ ਖ਼ਰਚਾ ਹੋ ਸਕਦਾ ਹੈ, ਕਿਉਂਕਿ ਸਿਯੂਰ ਨੂੰ ਖੋਦਣਾ ਪੈ ਸਕਦਾ ਹੈ ਅਤੇ ਉਸਦੀ ਥਾਂ ਨਵਾਂ ਸਿਯੂਰ ਪਾਉਣਾ ਪੈ ਸਕਦਾ ਹੈ। ਜੇ ਸਿਯੂਰ ਵਿੱਚ ਪੈਦਾ ਹੋਈ ਰੁਕਾਵਟ ਲਈ ਕਿਸੇ ਰੈਸਟੋਰੈਂਟ, ਤਿਆਰ ਭੋਜਨ ਸਪਲਾਈ ਕਰਨ ਵਾਲੇ ਸਥਾਨ ਜਾਂ ਕਿਸੇ ਹੋਰ ਬਿਜ਼ਨਸ ਨੂੰ ਜ਼ਿੰਮੇਵਾਰ ਪਾਇਆ ਜਾਂਦਾ ਹੈ, ਤਾਂ ਸਫ਼ਾਈ 'ਤੇ ਆਉਣ ਵਾਲਾ ਖ਼ਰਚਾ ਅਸੀਂ ਸਿੱਧਿਆਂ ਉਨ੍ਹਾਂ ਕੋਲੋਂ ਵਸੂਲ ਕਰਾਂਗੇ। ਇਹ ਖ਼ਰਚਾ ਕੁਝ ਸੌ ਪੌਂਡਾਂ ਤੋਂ ਲੈ ਕੇ 1000 ਪੌਂਡ ਤੋਂ ਉਪਰ ਤਕ ਹੋ ਸਕਦਾ ਹੈ।

ਕੋਈ ਵੀ ਸਿਯੂਰ ਸਾਫ਼ ਕਰਨ ਦਾ ਖ਼ਰਚਾ ਭਰਨਾ ਨਹੀਂ ਚਾਹੁੰਦਾ। ਇਸਲਈ ਕਮਰਸ਼ਿਅਲ ਰਸੋਈਆਂ ਵਿੱਚ ਕੰਮ ਕਰਨ ਵਾਲੇ ਸਾਰੇ ਸਟਾਫ਼ ਨੂੰ ਪਤਾ ਹੋਣਾ ਚਾਹੀਦਾ ਹੈ, ਕਿ ਉਨ੍ਹਾਂ ਨੂੰ ਕਿਸ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ ਕਿ ਨਾਲੀਆਂ ਬੰਦ ਨਾਂਹ ਹੋਣ। ਜੇ ਤੁਸੀਂ ਇਸ ਲੀਫ਼ਲੈੱਟ ਵਿੱਚ ਦਿਤੀ ਗਈ ਸਰਲ ਸਲਾਹ 'ਤੇ ਅਮਲ ਕਰੋਗੇ, ਤਾਂ ਇਹ ਪੱਕੀ ਗਲ ਹੈ, ਕਿ ਨਾਲੀਆਂ ਵਿੱਚ ਰੁਕਾਵਟ ਪੈਦਾ ਨਹੀਂ ਹੋਵੇਗੀ।

## ਕੀ ਚਿਕਨਾਈ ਰੋਕਣ ਵਾਲਾ ਗ੍ਰੀਜ਼ ਟ੍ਰੈਪ ਫ਼ਾਇਦੇਮੰਦ ਹੋਵੇਗਾ ?

ਗ੍ਰੀਜ਼ ਟ੍ਰੈਪ ਤੁਹਾਡੀਆਂ ਨਾਲੀਆਂ ਦਾ, ਤੇਲ ਅਤੇ ਗ੍ਰੀਜ਼ ਤੋਂ ਬਚਾਅ ਕਰ ਸਕਦਾ ਹੈ, ਪਰ ਇਹ ਕੇਵਲ ਤਾਂ ਹੀ ਠੀਕ ਤਰ੍ਹਾਂ ਕੰਮ ਕਰੇਗਾ, ਜੇਕਰ ਤੁਸੀਂ ਹੇਠ ਲਿਖੀਆਂ ਗਲਾਂ ਨੂੰ ਯਕੀਨੀ ਬਣਾਉ:

- ਗ੍ਰੀਜ਼ ਟ੍ਰੈਪ ਕਾਫ਼ੀ ਵੱਡਾ ਹੋਣਾ ਚਾਹੀਦਾ ਹੈ – ਘਟੋ ਘਟ ਉਸ ਸਿੰਕ ਦੇ ਸਾਈਜ਼ ਨਾਲੋਂ ਦੁਗਣਾ, ਜਿਸਦਾ ਗੰਦਾ ਪਾਣੀ ਇਸ ਥਾਣੀਂ ਜਾਏਗਾ।

- ਟ੍ਰੈਪ 'ਚੋਂ ਚਿਕਨਾਈ ਨੂੰ ਨਿਯਮਤ ਤੌਰ 'ਤੇ ਸਾਫ਼ ਕੀਤਾ ਜਾਣਾ ਚਾਹੀਦਾ ਹੈ। ਇਹ ਸਫ਼ਾਈ ਹਫ਼ਤੇ ਵਿੱਚ ਇਕ ਵਾਰੀ ਜਾਂ ਮਹੀਨੇ ਵਿੱਚ ਇਕ ਵਾਰੀ ਕਰਨੀ ਪੈ ਸਕਦੀ ਹੈ, ਇਹ ਇਸ ਗਲ 'ਤੇ ਨਿਰਭਰ ਕਰਦਾ ਹੈ ਕਿ ਸਿੰਕ ਦੀ ਕਿਸ ਹੱਦ ਤਕ ਵਰਤੋਂ ਹੁੰਦੀ ਹੈ। ਗ੍ਰੀਜ਼ ਨੂੰ ਇਕ ਡੋਲ ਵਿੱਚ ਪਾ ਦੇਣਾ ਚਾਹੀਦਾ ਹੈ, ਜਾਂ ਇਸ ਨੂੰ ਇਕੱਠਾ ਕਰਕੇ ਰਖਦੇ ਰਹਿਣਾ ਚਾਹੀਦਾ ਹੈ, ਤਾਂ ਜੋ ਹੋਰ ਕੂੜੇ ਕਚਰੇ ਨਾਲ ਚੁਕਵਾ ਦਿਤਾ ਜਾਵੇ। ਟ੍ਰੈਪ ਨੂੰ ਸਾਫ਼ ਕਰਨ ਤੋਂ ਬਾਅਦ ਫਿਰ ਠੰਡੇ ਪਾਣੀ ਨਾਲ ਭਰ ਦੇਣਾ ਚਾਹੀਦਾ ਹੈ, ਨਹੀਂ ਤਾਂ ਇਹ ਠੀਕ ਤਰ੍ਹਾਂ ਕੰਮ ਨਹੀਂ ਕਰੇਗਾ।

- ਗ੍ਰੀਜ਼ ਟ੍ਰੈਪ ਨੂੰ ਕਦੀ ਵੀ ਉਬਲਦੇ ਪਾਣੀ ਨਾਲ ਸਾਫ਼ ਨਾਂਹ ਕਰੋ – ਇਸਤਰ੍ਹਾਂ ਟ੍ਰੈਪ ਵਿੱਚ ਰੁਕੀ ਹੋਈ ਚਿਕਨਾਈ ਬਾਹਰ ਵਗ ਜਾਂਦੀ ਹੈ, ਅਤੇ ਠੰਡੀ ਹੋਣ 'ਤੇ ਇਹ ਨਾਲੀ ਵਿੱਚ ਹੋਰ ਅਗੇ ਜਾ ਕੇ ਜੰਮ ਜਾਵੇਗੀ।

- ਜੇ ਤੁਹਾਡੇ ਕੋਲ ਡਿਸ਼ਵਾਸ਼ਰ ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ, ਕਿ ਇਸਦਾ ਗੰਦਾ ਪਾਣੀ ਗ੍ਰੀਜ਼ ਟ੍ਰੈਪ ਥਾਣੀਂ ਨਾਂਹ ਜਾਏ। ਡਿਸ਼ਵਾਸ਼ਰ ਦਾ ਪਾਣੀ ਇਨਾਂ ਗਰਮ ਹੁੰਦਾ ਹੈ, ਕਿ ਇਸ ਨਾਲ ਟ੍ਰੈਪ ਵਿਚਲੀ ਚਿਕਨਾਈ ਪਿਘਲ ਕੇ ਸਿਯੂਰ ਵਿੱਚ ਚਲੀ ਜਾਂਦੀ ਹੈ।

SCOTTISH WATER

ਗ੍ਰੀਜ਼ ਟ੍ਰੈਪ ਲਗਿਆ ਹੋਣ ਦੇ ਬਾਵਜੂਦ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੰਕ ਵਿੱਚ ਤੇਲ ਨਾਂਹ ਸੁਟਿਆ ਜਾਵੇ, ਕਿਉਂਕਿ ਟ੍ਰੈਪ ਵਿੱਚ ਬਹੁਤੇ ਤੇਲ ਜੋਗੀ ਥਾਂ ਨਹੀਂ ਹੁੰਦੀ।

**ਜੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਇਕ ਗ੍ਰੀਜ਼ ਟ੍ਰੈਪ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੀ ਕਸਟਮਰ ਹੈਲਪਲਾਈਨ ਨੂੰ 0845 601 8855 ’ਤੇ ਫ਼ੋਨ ਕਰੋ ਅਤੇ ਕਹੋ ਕਿ ਤੁਸੀਂ ਵਪਾਰਕ ਕੂੜਾ ਕੁਚਰਾ ਕੁਆਲਿਟੀ ਟੀਮ ਦੇ ਕਿਸੇ ਮੈਂਬਰ ਨਾਲ ਗਲ ਕਰਨਾ ਚਾਹੁੰਦੇ ਹੋ।**

## ਮੈਸਰੇਟਰਾਂ ਦਾ ਕੀ ਕੰਮ ਹੈ ?

ਖਾਣ ਦੀਆਂ ਚੀਜ਼ਾਂ ਦੇ ਮੈਸਰੇਟਰ ਇਨ੍ਹਾਂ ਦੀ ਬੱਚਖੁਚ ਨੂੰ ਕਟਕੇ ਇਨੇ ਛੋਟੇ ਛੋਟੇ ਟੁਕੜੇ ਕਰ ਦਿੰਦੇ ਹਨ, ਕਿ ਇਹ ਨਾਲੀ ਥਾਣੀਂ ਵਹਿ ਕੇ ਹੇਠਾਂ ਜਾ ਸਕਦੇ ਹਨ। ਪਰ ਇਸਤਰ੍ਹਾਂ ਸਿਯੁਰਾਂ ਵਿੱਚ ਜਾਣ ਵਾਲੀ ਖਾਣ ਦੇ ਪਦਾਰਥਾਂ ਦੀ ਰਹਿੰਦ ਖੂੰਦ ਅਤੇ ਗ੍ਰੀਜ਼ ਦੀ ਮਾਤਰਾ ਵਧ ਜਾਂਦੀ ਹੈ, ਅਤੇ ਸਿਧਿਆਂ ਤੁਹਾਡੀ ਰਸੋਈ ਕਾਰਨ ਨਾਲੀ ਬੰਦ ਹੋਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ। ਇਸਲਈ ਅਸੀਂ ਰਸੋਈਆਂ ਵਿੱਚ ਖਾਣ ਦੀਆਂ ਚੀਜ਼ਾਂ ਦੇ ਮੈਸਰੇਟਰਾਂ ਦੀ ਵਰਤੋਂ ਦੀ ਸਿਫ਼ਾਰਸ਼ ਨਹੀਂ ਕਰਦੇ।

## ਰਸੋਈ ਵਿੱਚ ਕੰਮ ਕਰਨ ਵਾਲਿਆਂ ਲਈ ਜਾਣਕਾਰੀ

**ਪੈਨ ਧੋਣੇ**
ਭਾਂਡੇ ਅਤੇ ਪੈਨ ਧੋਣ ਵੇਲੇ ਥੋੜ੍ਹਾ ਜਿੰਨਾ ਤੇਲ ਵੀ ਸਿੰਕ ਵਿੱਚ ਨਹੀਂ ਜਾਣ ਦੇਣਾ ਚਾਹੀਦਾ। ਪੈਨ ਵਿੱਚ ਜੇ ਕੋਈ ਤੇਲ ਜਾਂ ਚਿਕਨਾਈ ਹੋਵੇ, ਤਾਂ ਉਸਨੂੰ ਪਹਿਲਾਂ ਇਕ ਡੱਬੇ ਵਿੱਚ ਚੰਗੀ ਤਰ੍ਹਾਂ ਪੂੰਝਕੇ ਪਾ ਦਿਉ, ਤਾਂ ਜੇ ਪੈਨ ਵਿੱਚ ਕੁਝ ਨਾਂਹ ਰਹੇ।

**ਖ਼ੁਰਾਕੀ ਵਸਤਾਂ ਦੇ ਡਬਿਆਂ ਦਾ ਬਚਿਆ ਖੁਚਿਆ ਤੇਲ**
ਜੇ ਤੁਸੀਂ ਤੇਲ ਵਿੱਚ ਰਖੇ ਖਾਧ ਪਦਾਰਥਾਂ ਦੀ ਵਰਤੋਂ ਕਰਦੇ ਹੋ (ਜਿਵੇਂ ਕਿ ਡੱਬਾਬੰਦ ਮੱਛੀ, ਮੀਟ ਜਾਂ ਔੱਲਿਵ), ਤਾਂ ਯਕੀਨੀ ਬਣਾਉ, ਕਿ ਵਾਧੂ ਬਚਣ ਵਾਲਾ ਤੇਲ ਸਿੰਕ ਵਿੱਚ ਨਾਂਹ ਸੁਟਿਆ ਜਾਏ, ਸਗੋਂ ਇਸ ਨੂੰ ਇਕ ਕਨਟੇਨਰ ਵਿੱਚ ਨਿਚੋੜ ਦਿਉ, ਤਾਂ ਜੇ ਇਸ ਨੂੰ ਸੁਰੱਖਿਅਤ ਤਰੀਕੇ ਨਾਲ ਬੰਨੇ ਲਾਇਆ ਜਾ ਸਕੇ।

**ਖਾਣ ਵਾਲੀਆਂ ਚੀਜ਼ਾਂ ਦੀ ਰਹਿੰਦ ਖੂੰਦ**
ਖਾਣ ਵਾਲੀਆਂ ਚੀਜ਼ਾਂ ਦੇ ਬਚੇ ਖੁਚੇ ਟੁਕੜੇ ਅਤੇ ਸਬਜ਼ੀਆਂ ਦੇ ਛਿਲੜ ਨਾਲੀਆਂ ਤੋਂ ਦੂਰ ਰਖਣੇ ਚਾਹੀਦੇ ਹਨ। ਤੁਸੀਂ ਸਿੰਕ ਵਿੱਚ ਜਾਂਦੀ ਬਚ ਖੁਚ ਦੀ ਮਾਤਰਾ ਨੂੰ ਘਟ ਕਰਨ ਲਈ ਪਲੱਗ-ਸੁਰਾਖ਼ਾਂ ’ਤੇ ਜਾਲੀ ਲਾ ਸਕਦੇ ਹੋ। ਇਹ ਪੱਕ ਕਰੋ ਕਿ ਹਰ ਇਕ ਨੂੰ ਪਤਾ ਹੋਵੇ ਕਿ ਖਾਣ ਦੀਆਂ ਬਚੀਆਂ ਖੁਚੀਆਂ ਚੀਜ਼ਾਂ ਜਿਵੇਂ ਕਿ ਚਾਉਲ, ਸਬਜ਼ੀ ਦੇ ਇਲਕੇ, ਚਿਪਬੈਟਰ ਅਤੇ ਹੋਰ ਅਜਿਹੀਆਂ ਚੀਜ਼ਾਂ ਸਿੰਕ ਵਿੱਚ ਨਾਂਹ ਸੁਟੀਆਂ ਜਾਣ, ਸਗੋਂ ਇਨ੍ਹਾਂ ਨੂੰ ਭਾਂਡੇ ਵਿੱਚੋਂ ਕਢਕੇ ਕੂੜੇ ਵਾਲੇ ਡੱਬੇ ਵਿੱਚ ਸੁਟ ਦਿਤਾ ਜਾਵੇ।

## ਖਾਣਾ ਬਣਾਉਣ ਵਾਲੇ ਤੇਲ ਨੂੰ ਕਦੀ ਸਿੰਕ ਜਾਂ ਨਾਲੀ ਵਿੱਚ ਨਾਂਹ ਸੁਟੋ।

ਇਹ ਚਿਕਨਾਈ ਕਾਰਨ ਰੁਕਾਵਟ ਪੈਦਾ ਹੋਣ ਦਾ ਸਭ ਤੋਂ ਆਮ ਤਰੀਕਾ ਹੈ। ਤੁਹਾਡੀ ਰਸੋਈ ਵਿੱਚ ਕੰਮ ਕਰਨ ਵਾਲੇ ਸਾਰੇ ਵਿਅਕਤੀਆਂ ਨੂੰ ਇਸ ਗਲ ਦਾ ਪਤਾ ਹੋਣਾ ਚਾਹੀਦਾ ਹੈ। ਜਦੋਂ ਕੋਈ ਨਵਾਂ ਵਿਅਕਤੀ ਰਸੋਈ ਵਿੱਚ ਕੰਮ ਕਰਨ ਲਈ ਆਉਂਦਾ ਹੈ, ਤਾਂ ਉਸ ਨੂੰ ਸਮਝਾ ਦੇਣਾ ਚਾਹੀਦਾ ਹੈ ਕਿ ਤੇਲ ਅਤੇ ਚਿਕਨਾਈ ਨੂੰ ਕਿਵੇਂ ਠੀਕ ਤਰ੍ਹਾਂ ਬੰਨੇ ਲਾਉਣਾ ਚਾਹੀਦਾ ਹੈ।

## ਤੇਲ ਅਤੇ ਚਿਕਨਾਈ ਨੂੰ ਬੰਨੇ ਲਾਉਣ ਦਾ ਸੁਰੱਖਿਅਤ ਤਰੀਕਾ

ਬਚੇ ਖੁਚੇ ਤੇਲ ਅਤੇ ਚਿਕਨਾਈ ਨੂੰ ਇਕ ਪੱਕੀ ਤਰ੍ਹਾਂ ਬੰਦ ਹੋਣ ਵਾਲੇ ਡੱਬੇ ਵਿੱਚ ਪਾ ਕੇ ਸਾਫ਼ ਥਾਂ ’ਤੇ ਰਖੋ। ਇਸ ਕਨਟੇਨਰ ਨੂੰ ਸੁਟੇ ਜਾਣ ਵਾਲੇ ਆਮ ਕੂੜੇ ਕਚਰੇ ਦੇ ਨਾਲ ਨਹੀਂ ਰਖਣਾ ਚਾਹੀਦਾ, ਕਿਉਂਕਿ ਇਹ ਵਾਹਣ ਦੇ ਕੰਪ੍ਰੈਸ਼ਨ ਗਿਅਰ ਵਿੱਚ ਫਟ ਸਕਦਾ ਹੈ।

ਇਸਦੀ ਥਾਂ ਕਿਰਪਾ ਕਰਕੇ ਸਾਡੀ **ਕਸਟਮਰ ਹੈਲਪਲਾਈਨ** ਨੂੰ ਫ਼ੋਨ ਕਰੋ ਅਤੇ ਸਾਡਾ ਕੂੜੇ ਕਚਰੇ ਸੰਬੰਧੀ ਸੇਵਾਵਾਂ ਦਾ ਸੈਕਸ਼ਨ – ਵੇਸਟ ਸਰਵਿਸਿਜ਼ ਸੈਕਸ਼ਨ ਮੰਗੋ।

ਜਾਂ ਤੁਸੀਂ ਇਕ ਰਜਿਸਟਰਡ ਵੇਸਟ ਕੰਪਨੀ (ਕੂੜਾ ਕਚਰਾ ਚੁਕਣ ਵਾਲੀ ਕੰਪਨੀ) ਦੀ ਸੇਵਾ ਦੀ ਵਰਤੋਂ ਕਰ ਸਕਦੇ ਹੋ, ਜੋ ਤੇਲ ਦੀ ਰਹਿੰਦ ਖੂੰਦ ਅਤੇ ਚਿਕਨਾਈ ਚੁਕ ਕੇ ਲੈ ਜਾਣਗੇ। ਆਪਣੇ ਸਥਾਨ ਦੇ ਨੇੜੇ ਤੇੜੇ ਕਿਸੇ ਅਜਿਹੀ ਕੰਪਨੀ ਦਾ ਪਤਾ ਲਾਉਣ ਲਈ ਕਿਰਪਾ ਕਰਕੇ ਯੈਲੋ ਪੇਜਿਜ਼ ਦੇਖੋ।

ਇਹ ਲੀਫ਼ਲੈੱਟ ਹੋਰ ਰੂਪਾਂ ਵਿੱਚ ਮੁਫ਼ਤ ਉਪਲਬਧ ਕਰਵਾਇਆ ਜਾ ਸਕਦਾ ਹੈ। ਟੈਕਸਟਫ਼ੋਨ ਦੀ ਵਰਤੋਂ ਕਰਨ ਵਾਲੇ ਕਿਰਪਾ ਕਰਕੇ 0845 603 8855 ’ਤੇ ਸੰਪਰਕ ਕਰਨ।

ਬ੍ਰੇਲ, ਵਡੇ ਅੱਖਰਾਂ, ਆਡਿਓ ਟੇਪਾਂ ਅਤੇ ਕਈ ਇਕ ਭਾਸ਼ਾਵਾਂ ਵਿੱਚ ਜਾਣਕਾਰੀ ਲਈ ਕਿਰਪਾ ਕਰਕੇ 0845 606 8855 ’ਤੇ ਫ਼ੋਨ ਕਰੋ।

ਸਾਡੇ ਨਾਲ ਸੰਪਰਕ ਕਰਨ ਵੇਲੇ ਕਿਰਪਾ ਕਰਕੇ ਇਹ ਹਵਾਲਾ ਕੋਡ ਦੱਸੋ **SWTECK 10/05**

## ਹੋਰ ਜਾਣਕਾਰੀ

ਜੇ ਤੁਹਾਨੂੰ ਕੋਈ ਹੋਰ ਜਾਣਕਾਰੀ ਚਾਹੀਦੀ ਹੋਵੇ, ਤਾਂ ਸਾਡੇ ਨਾਲ ਸੰਪਰਕ ਕਰੋ:
ਫ਼ੋਨ ਦੁਆਰਾ ਸਾਡੀ ਕਸਟਮਰ ਹੈਲਪਲਾਈਨ ਦਾ ਨੰਬਰ ਹੈ **0845 601 855**,
ਦੇਖੋ ਵੈਬਸਾਈਟ: **www.scottishwater.co.uk**
ਜਾਂ ਪੱਤਰ ਲਿਖੋ ਇਸ ਪਤੇ ਤੇ **Scottish Water, PO Box 8855, Edinburgh, EH10 6YQ**

ਪਾਣੀ ਦੀ ਸਪਲਾਈ, ਪਾਣੀ ਦੇ ਨਿਕਾਸ, ਜਾਂ ਪ੍ਰਦੂਸ਼ਣ ਦੇ ਜੋਖਮ ਨਾਲ ਸੰਬੰਧਤ ਕਿਸੇ ਵੀ ਐਮਰਜੈਂਸੀ ਦੀ ਰਿਪੋਰਟ ਕਰਨ ਲਈ ਕਿਰਪਾ ਕਰਕੇ ਸਾਡੀ ਐਮਰਜੈਂਸੀ ਹੈਲਪਲਾਈਨ ਨੂੰ **0845 600 8855** ’ਤੇ ਫ਼ੌਰਨ ਫ਼ੋਨ ਕਰੋ।